**Roll No ……………………..** **001/A**

Total No. of Question : 7] [Total No. of Printed pages : 2]

**SS**

**2038**

**ANNUAL EXAMINATION SYSTEM**

**PUNJABI (Elective)**

Time allowed: 3 Hours Maximum Marks:90

**1.** ਸ਼ਰੇ ਜ਼ਰੂਰੀ ਹਨ। ਹਰੇਕ ਪ੍ਰਸ਼ਨ ਇੱਕ ਅੰਕ ਦਾ ਹੈ।

(ੳ) ਸ਼ਾਹ ਹੁਸੈਨ ਦੇ ਦੋਹੜੇ ਵਿੱਚ ਆਏ ਸ਼ਬਦ ‘ਤਸਬੀ ਤੋਂ ਕੀ ਭਾਵ ਹੈ ?

(ਅ) “ਕੋਈ ਬੋਲੈ ਰਾਮ ਰਾਮ ਕੋਈ ਖੁਦਾਇ ਸਲੋਕ ਵਿੱਚ ਜੀਵਾਂ ਨੇ ਆਪੋ-ਆਪਣੇ ਧਰਮਾਂ ਅਨੁਸਾਰ ਪਰਮਾਤਮਾ ਨੂੰ ਕਿਹੜੇ-ਕਿਹੜੇ ਨਾਵਾਂ ਨਾਲ ਸੰਬੋਧਨ ਕੀਤਾ ਹੈ ?

(ੲ) “ਯੂਸਫ਼ ਜ਼ੁਲੇਖਾ ਕਿੱਸਾ ਕਿਸ ਕਵੀ ਦੀ ਰਚਨਾ ਹੈ ?

(1) ਵਾਰਿਸ ਸ਼ਾਹ

(2) ਪੀਲੂ

(3) ਗੁਰੂ ਨਾਨਕ ਦੇਵ ਜੀ

(4) ਹਾਫ਼ਿਜ ਬਰਖ਼ੁਰਦਾਰ।

(ਸ) ਚੰਡੀ ਦੀ ਵਾਰ ਦੀ ਨਾਇਕਾ ਦੁਰਗਾ ਦੇਵੀ ਹੈ-ਇਹ ਕਥਨ ਠੀਕ ਹੈ ਜਾਂ ਗਲਤ।

(ਹ) ਮੇਰੇ ਬੱਚੇ ਮੇਰਾ ਮੁਹਾਂਦਰਾ ਸੈ-ਜੀਵਨੀ ਅੰਸ਼ ਦਾ ਲੇਖਕ ਕੌਣ ਹੈ ?

(ਕ) ਕਵਿਤਾ ਵਿੱਚ ਲਿਖਿਆ ਹੋਇਆ ਕਿਹੜਾ ਸੈ-ਜੀਵਨੀ ਅੰਸ਼ ਤੁਹਾਡੀ ਪਾਠ-ਪੁਸਤਕ ਵਿੱਚ ਦਰਜ ਹੈ ?

(ਖ) ਨਿੱਕੀ ਕਹਾਣੀ ਦਾ ਅੰਤ ਕਿਹੋ ਜਿਹਾ ਹੁੰਦਾ ਹੈ ?

(ਗ) ਛੰਦ ਦੀਆਂ ਕਿੰਨੀਆਂ ਕਿਸਮਾਂ ਹੁੰਦੀਆਂ ਹਨ ? ਨਾਂ ਦੱਸੋ।

(ਘ) ਹੁਸਨ ਓਸ ਦਾ ਮੈਂ ਕੀ ਆਖਾਂ ਕਾਵਿ-ਸਤਰ ਵਿੱਚ ਕਿਹੜਾ ਅਲੰਕਾਰ ਹੈ ?

(ਙ) ਸ਼ਿੰਗਾਰ ਰਸ ਦਾ ਸਥਾਈ ਭਾਵ ਕੀ ਹੈ ?

**2.** ਹੇਠ ਦਿੱਤੇ ਕਾਵਿ-ਟੋਟਿਆਂ ਵਿੱਚੋਂ ਕਿਸੇ ਦੋ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ :

(ੳ) ਤੋਬਾ ਨਾ ਕਰ ਯਾਰ! ਕੈਸੀ ਤੋਬਾ ਹੈ।
ਨਿੱਤ ਪੜ੍ਹਦੇ ਇਸਤਗਫ਼ਾਰ, ਕੈਸੀ ਤੋਬਾ ਹੈ।
ਸਾਵੀਂ ਦੇ ਕੇ ਹੋ ਸਵਾਈ, ਡਿਉਢੀਆਂ ਤੇ ਬਾਜ਼ੀ ਲਾਈ। ਇਹ
ਮੁਸਲਮਾਨੀ ਕਿੱਥੋਂ ਪਾਈ, ਇਹ ਤੁਹਾਡਾ ਕਿਰਦਾਰ
ਕੈਸੀ ਤੋਬਾ ਹੈ।

(ਅ) ਜਾ ਕਉ ਮੁਸਕਲੁ ਅਤਿ ਬਣੈ ਢੋਈ ਕੋਈ ਨ ਦੇਇ॥
ਲਾਗੂ ਹੋਏ ਦੁਸ਼ਮਨਾ ਸਾਕ ਭਿ ਭਜਿ ਖਲੇ॥
ਸਭੋ ਭਜੈ ਆਸਰਾ ਚੁਕੈ ਸਭੁ ਅਸਰਾਉ॥
ਚਿਤਿ ਆਵੈ ਓਸੁ ਪਾਰਬ੍ਰਹਮੁ ਲਗੈ ਨ ਤਤੀ ਵਾਉ॥

(ੲ) ਅੱਗੋਂ ਮਿਰਜ਼ਾ ਬੋਲਦਾ , ਤੂੰ ਸੁਣ ਜਾਮ ਲੁਹਾਰ।
ਕਿਆ ਸੁੱਤਾ ਕਿਆ ਜਾਗਦਾ, ਕੀ ਤੂੰ ਗਇਆ ਪਵਾਰ।

ਮਜੂਰੀ ਲੈ ਲਈਂ ਆਪਣੀ, ਕਿੱਲੀਆਂ ਦੇਈਂ ਹਜ਼ਾਰ।
ਜੇ ਤੂੰ ਭਾਈ ਧਰਮ ਦਾ, ਸਾਹਿਬਾਂ ਟੋਰੀਂ ਨਾਲ।

(ਸ) ਇਕਤੁ ਦਿਹਾੜੈ ਆਈ ਨਾਵਣ ਦੁਰਗਸ਼ਾਹ।
ਦੈਵੀਂ ਬ੍ਰਿਥਾ ਸੁਣਾਈ ਆਪਣੇ ਹਾਲ ਦੀ
ਛੀਨ ਲਈ ਠਕੁਰਾਈਂ ਸਾਤੇ ਦਾਨਵੀਂ
ਲੋਕੀ ਤਿਹੀ ਫਿਰਾਈ ਦੋਹੀਂ ਆਪਣੀ
ਬੈਠੇ ਥਾਇ ਵਧਾਈ ਤੇ ਅਮਰਾਵਤੀ
ਦਿੱਤੇ ਦੇਵ ਭਜਾਈ ਸਭਨਾਂ ਰਾਕਸ਼ਾਂ।

**3.** ਹੇਠ ਲਿਖੀਆਂ ਕਵਿਤਾਵਾਂ ਵਿੱਚੋਂ ਕਿਸੇ ਇੱਕ ਕਵਿਤਾ ਦਾ ਕੇਂਦਰੀ ਭਾਵ ਲਿਖੋ:

(ੳ) ਦਿਲਹੁ ਮੁਹਬਤਿ ਜਿਨ ਸੇਈ ਸਚਿਆ - (ਸ਼ੇਖ ਫਰੀਦ)

(ਅ) ਪਵਣੁ ਗੁਰੂ ਪਾਣੀ ਪਿਤਾ - (ਸ੍ਰੀ ਗੁਰੂ ਨਾਨਕ ਦੇਵ ਜੀ)

(ੲ) ਯੂਸਫ਼ ਦੀ ਖੂਬਸੂਰਤੀ ਦੀ ਪ੍ਰਸ਼ੰਸਾ - (ਹਾਫਿਜ਼ ਬਰਖੁਰਦਾਰ)

**4.** (ੳ) ਪੰਜਾਬੀ ਸੂਫ਼ੀ ਕਾਵਿ-ਧਾਰਾ ਦੇ ਮੁੱਢ ਅਤੇ ਵਿਕਾਸ ਬਾਰੇ ਇੱਕ ਵਿਸਤ੍ਰਿਤ ਨੋਟ ਲਿਖੋ।

**ਜਾਂ**

(ਅ) ਜੰਗਨਾਮਾ ਸ਼ਾਹ ਮੁਹੰਮਦ ਦੇ ਕਾਵਿਕ ਗੁਣਾਂ ਦਾ ਵਰਣਨ ਕਰਦੇ ਹੋਏ ਜਾਣਕਾਰੀ ਦਿਉ।

**5.** ਆਪ-ਬੀਤੀਆਂ ਪਾਠ-ਪੁਸਤਕ ਦੇ ਆਧਾਰ 'ਤੇ ਹੇਠ ਲਿਖੇ ਪ੍ਰਸ਼ਨਾਂ ਵਿੱਚੋਂ ਕਿਸੇ ਪੰਜ ਪ੍ਰਸ਼ਨਾਂ ਦੇ ਉੱਤਰ ਲਿਖੋ :

(ੳ) ਜਿਹੜੀ ਜਾਣ - ਪਛਾਣ ਬਚਪਨ ਵਿੱਚ ਪੱਲੇ ਪੈਂਦੀ ਹੈ, ਉਹੋ ਤੋੜ ਨਿਭਦੀ ਹੈ। ਪਿੰ. ਤੇਜਾ ਸਿੰਘ ਨੇ ਇਹ ਟਿੱਪਣੀ ਕਿਹੜੇ ਪ੍ਰਸੰਗ ਵਿੱਚ ਕੀਤੀ ਹੈ ?

(ਅ) ਦਿੱਲੀ ਦੇ ਡਿਪਟੀ ਕਮਿਸ਼ਨਰ ਲੱਗਣ ਉਪਰੰਤ ਡਾ. ਰੰਧਾਵਾ ਨੇ ਪੇਸ਼ਗੀ ਕਿਰਾਇਆ , ਦੱਬਣ ਵਾਲੇ ਲਾਲਾ ਜੀ ਨੂੰ ਕਿਵੇਂ ਸਬਕ ਸਿਖਾਇਆ ?

(ੲ) ਬਹੁਤ ਸਾਰੇ ਕੁੱਤੀਆਂ ਵਿੱਚ ਛੇਵੀਂ ਸੂਝ ਹੁੰਦੀ ਹੈ। ਸਾਡੇ ਸਿੰਬੇ ਵਿੱਚ ਸੱਤਵੀਂ ਅਤੇ ਅਠੱਵੀ ਵੀ ਸੀ। ਇਹ ਕਥਨ ਸਾਬਤ ਕਰਨ ਲਈ ਲੇਖਕ ਨੇ ਜਿਹੜੀ ਘਟਨਾ ਦਾ ਜ਼ਿਕਰ ਕੀਤਾ ਹੈ, ਉਸ ਨੂੰ ਆਪਣੇ ਸ਼ਬਦਾਂ ਵਿੱਚ ਲਿਖੋ।

(ਸ) ਬਲਵੰਤ ਗਾਰਗੀ ਆਪਣੇ ਬੇਟੇ ਨੂੰ ਨੂੰ ਗਿਠਮੁਠੀਆ ਬਲਵੰਤ ਕਿਉਂ ਕਹਿੰਦਾ ਹੈ

(ਹ) ਭਗਤ ਸਿੰਘ ਹੋਰਾਂ ਦੀ ਸ਼ਹੀਦੀ ਬਾਰੇ ਮੇਰਾ ਨਾਮਕਰਨ ਸ੍ਵੈ-ਜੀਵਨੀ ਅੰਸ਼ ਵਿੱਚ ਜਾ ਵੇਰਵੇ ਦਿੱਤੇ ਗਏ ਹਨ, ਉਹਨਾਂ ਨੂੰ ਆਪਣੇ ਸ਼ਬਦਾਂ ਵਿੱਚ ਲਿਖੋ।

(ਕ) ਆਪਣੀ ਸੋਚ ਦੇ ਗਹਿਰੇ ਸਾਏ ਸੈ-ਜੀਵਨੀ ਅੰਸ਼ ਦੇ ਆਧਾਰ ਤੇ ਦੱਸੇ ਕਿ ਬਕ ਸਮੇਂ-ਸਮੇਂ 'ਤੇ ਆਪਣਾ ਜੀਵਨ-ਮਨੋਰਥ ਕੀ ਮਿੱਥਿਆ ਤੇ ਕਿਉਂ ?

(ਖ) ਮੁੜ੍ਹਕੇ ਦੀ ਖੁਸ਼ਬੋ' ਸੈ-ਜੀਵਨੀ-ਅੰਸ਼ ਤੋਂ ਤੁਹਾਨੂੰ ਕੀ ਸਿੱਖਿਆ ਅਤੇ ਪ੍ਰਨਾ ਸਦਾ

(ਗ) ਆਕਲੈਂਡ ਸਕੂਲ ਦੀ ਪ੍ਰਿੰਸੀਪਲ ਕਿਹੋ-ਜਿਹੀ ਔਰਤ ਸੀ ? ਲੇਖਕਾਂ ਦੀਆਂ ਬਣੀਆ ਸਰਟੀਫ਼ਿਕੇਟ ਵੇਖ ਕੇ ਉਸ ਨੇ ਕੀ ਕਿਹਾ ?

**6.** ਹੇਠ ਲਿਖੀਆਂ ਵਿੱਚੋਂ ਕਿਸੇ ਇੱਕ ਸਾਹਿਤ-ਰੂਪ ਬਾਰੇ ਨੋਟ ਲਿਖੋ :

(ੳ) ਸ੍ਵੈ-ਜੀਵਨੀ

(ਅ) ਨਾਟਕ

(ੲ) ਨਾਵਲ।

**7.** ਹੇਠ ਲਿਖੀਆਂ ਉਦਾਹਰਣਾਂ ਸਹਿਤ ਪਰਿਭਾਸ਼ਾ ਲਿਖੋ :

(ੳ) ਕਬਿੱਤ ਛੰਦੇ ਜਾਂ ਕੋਰੜਾ ਛੰਦ

(ਅ) ਉਪਮਾ ਅਲੰਕਾਰ ਜਾਂ ਰੂਪਕ ਅਲੰਕਾਰ

(ੲ) ਕਰੁਣਾ ਰਸ ਜਾਂ ਵੀਰ ਰਸ।